# ਪੰਜਾਬੀ ਯੂਨੀਵਰਸਿਟੀ, ਪਟਿਆਲਾ

(1961 ਦੇ ਪੰਜਾਬ ਐਕਟ ਨੰ: 35 ਤਹਿਤ ਸਥਾਪਤ)

## (ਕਾਲਜ ਸੈਕਸ਼ਨ)

ਨੰ: 12190 /ਕਾਲਜਾਂ/ਸ-3

ਮਿਤੀ: 01/02/24

**E-mail/webpage (ਅਤਿ ਜ਼ਰੂਰੀ)**

**ਯੂਨੀਵਰਸਿਟੀ ਨਾਲ ਸੰਬੰਧਿਤ ਸਮੂਹ ਕਾਲਜਾਂ ਦੇ**

**ਚੇਅਰਮੈਨ/ਪ੍ਰਿੰਸੀਪਲ ਸਾਹਿਬਾਨਾਂ ਨੂੰ**

**ਵਿਸ਼ਾ: ਗ਼ੈਰ-ਸਰਕਾਰੀ ਕਾਲਜਾਂ ਵੱਲੋਂ ਯੂਨੀਵਰਸਿਟੀ ਪਾਸ ਰੱਖੇ ਜਾਂਦੇ ਇੰਡੋਮੈਂਟ ਫ਼ੰਡਾਂ ਵੱਜੋਂ ਐਫ਼.ਡੀ.ਆਰ. ਉਪਰ ਦਿੱਤੇ ਜਾਂਦੇ 3% ਦੀ ਥਾਂ ਤੇ ਸੂਦ ਦਾ 50% ਬਤੌਰ ਸਰਵਿਸ ਚਾਰਜਿਜ਼ ਯੂਨੀਵਰਸਿਟੀ ਨੂੰ ਦੇਣ ਸੰਬੰਧੀ।**

**ਹਵਾਲਾ: ਪੱਤਰ ਨੰ: 7601/ਕਾਲਜਾਂ/ਸ-3 ਮਿਤੀ 16.05.2023 ਅਤੇ ਪੱਤਰ ਨੰ: 8170/ਕਾਲਜਾਂ/ਸ-3 ਮਿਤੀ 20.06.2023 ਅਤੇ 10864/ਕਾਲਜਾਂ/ਸ-3 ਮਿਤੀ 20.10.2023 ਸੰਬੰਧੀ।**

ਉਪਰੋਕਤ ਵਿਸ਼ੇ ਅਤੇ ਹਵਾਲੇ ਅਧੀਨ ਵਾਈਸ-ਚਾਂਸਲਰ ਸਾਹਿਬ ਵੱਲੋਂ ਹੋਏ ਆਦੇਸ਼ਾਂ ਅਨੁਸਾਰ, ਅਕਾਦਮਿਕ ਕੌਂਸਲ ਦੀ ਪ੍ਰਵਾਨਗੀ ਦੀ ਆਸ ਵਿੱਚ, ਆਪ ਜੀ ਨੂੰ ਮੁੜ ਸੂਚਿਤ ਕੀਤਾ ਜਾਂਦਾ ਹੈ ਕਿ:

1. ਗ਼ੈਰ-ਸਰਕਾਰੀ ਕਾਲਜਾਂ ਵੱਲੋਂ ਯੂਨੀਵਰਸਿਟੀ ਪਾਸ ਰੱਖੇ ਜਾਂਦੇ ਇੰਡੋਮੈਂਟ ਫ਼ੰਡਾਂ ਵੱਜੋਂ ਐਫ਼.ਡੀ.ਆਰਜ਼. ਦੀ Maturity Date ਉਪਰੰਤ ਐਫ਼.ਡੀ.ਆਰ. ਦੀ Principle Amount ਦੀ FDR ਬੈਂਕ ਤੋਂ ਰੀਨਿਊ ਕਰਵਾਉਣ (ਜਿਸ ਦੀ ਅਵਧੀ ਘੱਟੋ-ਘੱਟ 5 ਸਾਲ ਦੀ ਹੋਵੇਗੀ) ਅਤੇ ਬਣਦੇ ਸਰਵਿਸ ਚਾਰਜਿਜ਼ ਸਮੇਂ ਸਿਰ ਯੂਨੀਵਰਸਿਟੀ ਵਿਖੇ ਜਮ੍ਹਾਂ ਕਰਵਾਉਣ ਦੀ ਜ਼ਿੰਮੇਵਾਰੀ ਸਬੰਧਤ ਕਾਲਜਾਂ ਦੀ ਹੋਵੇਗੀ।
2. ਗ਼ੈਰ-ਸਰਕਾਰੀ ਕਾਲਜਾਂ ਵੱਲੋਂ ਯੂਨੀਵਰਸਿਟੀ ਪਾਸ ਰੱਖੇ ਜਾਂਦੇ ਇੰਡੋਮੈਂਟ ਫ਼ੰਡਾਂ ਵੱਜੋਂ ਐਫ਼.ਡੀ.ਆਰਜ਼. ਦੀ ਰੀਨਿਊਲ (Renewal)/ਸੋਧ (Amendment) ਕਰਨ ਲਈ FDRs ਬੈਂਕਾਂ/ਕਾਲਜਾਂ ਨੂੰ ਭੇਜੀਆਂ ਹੋਈਆਂ ਹਨ, ਨੂੰ ਸੰਬੰਧਿਤ ਕਾਲਜ ਮਿਤੀ 31.01.2024 ਤੱਕ (ਮਿਤੀ 30.11.2023 ਤੋਂ Extend ਕਰਦੇ ਹੋਏ) ਯੂਨੀਵਰਸਿਟੀ ਖ਼ਾਤੇ ਵਿੱਚ ਜਮ੍ਹਾਂ ਕਰਵਾਉਣ। ਅਜਿਹਾ ਨਾ ਕਰਨ ਦੀ ਸੂਰਤ ਵਿੱਚ, ਸਬੰਧਤ ਕਾਲਜਾਂ ਦੀ ਇੰਡੋਮੈਂਟ ਫ਼ੰਡ ਵੱਜੋਂ ਐਫ਼.ਡੀ.ਆਰਜ਼. ਪਟਿਆਲਾ ਸ਼ਹਿਰ ਦੇ ਕਿਸੇ ਵੀ ਬੈਂਕ ਵਿੱਚੋਂ ਬਣਵਾ ਕੇ ਦੇਣੀ ਪਵੇਗੀ।
3. ਇੰਡੋਮੈਂਟ ਫ਼ੰਡਾਂ ਵੱਜੋਂ ਐਫ਼.ਡੀ.ਆਰ. ਉਪਰ ਬਣਦੇ ਸਰਵਿਸ ਚਾਰਜਿਜ਼ ਪੈਂਡਿੰਗ ਹਨ/ਸੋਧ ਕਰਨ ਹਿੱਤ ਵਾਪਿਸ ਭੇਜੇ ਗਏ ਹਨ, ਉਹ ਸਾਰੇ ਗ਼ੈਰ-ਸਰਕਾਰੀ ਕਾਲਜ ਆਪਣੇ ਪੈਂਡਿੰਗ ਸਰਵਿਸ ਚਾਰਜਿਜ਼ ਯੂਨੀਵਰਸਿਟੀ ਨਿਯਮਾਂ ਅਨੁਸਾਰ ਮਿਤੀ 31.01.2024 ਤੱਕ (ਮਿਤੀ 30.11.2023 ਤੋਂ Extend ਕਰਦੇ ਹੋਏ) ਯੂਨੀਵਰਸਿਟੀ ਖ਼ਾਤੇ ਵਿੱਚ ਜਮ੍ਹਾਂ ਕਰਵਾਉਣ। ਅਜਿਹਾ ਨਾ ਕਰਨ ਦੀ ਸੂਰਤ ਵਿੱਚ, ਸਬੰਧਤ ਕਾਲਜਾਂ ਨੂੰ ਮਿਤੀ 01.02.2024 ਤੋਂ ₹ 5000/- ਰੁਪਏ ਪ੍ਰਤੀ ਮਹੀਨਾ ਜੁਰਮਾਨਾ ਲਗਾਇਆ ਜਾਵੇਗਾ।
4. ਭਵਿੱਖ ਵਿੱਚ ਵੀ ਗ਼ੈਰ-ਸਰਕਾਰੀ ਕਾਲਜਾਂ ਵੱਲੋਂ ਯੂਨੀਵਰਸਿਟੀ ਪਾਸ ਰੱਖੇ ਜਾਂਦੇ ਇੰਡੋਮੈਂਟ ਫ਼ੰਡਾਂ ਵੱਜੋਂ ਐਫ਼.ਡੀ.ਆਰਜ਼. ਦੇ ਪੈਂਡਿੰਗ ਸਰਵਿਸ ਚਾਰਜਿਜ਼ ਸਮੇਂ ਸਿਰ (ਪੱਤਰ ਜਾਰੀ ਹੋਣ ਦੀ ਮਿਤੀ ਤੋਂ ਇਕ ਮਹੀਨੇ ਦੇ ਅੰਦਰ-ਅੰਦਰ) ਜਮ੍ਹਾਂ ਨਾ ਕਰਵਾਉਣ ਦੀ ਸੂਰਤ ਵਿੱਚ ਸਬੰਧਤ ਕਾਲਜਾਂ ਨੂੰ ₹ 5000/- ਰੁਪਏ ਪ੍ਰਤੀ ਮਹੀਨਾ ਜੁਰਮਾਨਾ ਲਗਾਇਆ ਜਾਵੇਗਾ।
5. ਯੂਨੀਵਰਸਿਟੀ ਕੈਲੰਡਰ 2010 ਜਿਲਦ-II ਦੇ ਅਧਿਆਏ-XXXVII ਦੇ ਪੰਨਾ ਨੰ: 199 ਦੇ ਲੜੀ ਨੰ: 9 (ਅ) ਅਤੇ ਸਿੰਡੀਕੇਟ ਪੈਰ੍ਹਾ 29.21 ਮਿਤੀ 22.03.2010 (ਅੰਤਿਕਾ-33) ਅਨੁਸਾਰ ਗ਼ੈਰ-ਸਰਕਾਰੀ ਕਾਲਜਾਂ ਵੱਲੋਂ ਯੂਨੀਵਰਸਿਟੀ ਪਾਸ ਰੱਖੇ ਜਾਂਦੇ ਇੰਡੋਮੈਂਟ ਫ਼ੰਡਾਂ ਵੱਜੋਂ ਐਫ਼.ਡੀ.ਆਰ. ਉਪਰ ਦਿੱਤੇ ਜਾਂਦੇ 3% ਬਤੌਰ ਸਰਵਿਸ ਚਾਰਜਿਜ਼ ਦੇ ਸੰਬੰਧ ਵਿੱਚ, ਅਕਾਦਮਿਕ ਕੌਂਸਲ ਦੇ ਅਨੁਪੂਰਕ ਕਾਰਜ-ਸੂਚੀ ਦੇ ਸਿਰਲੇਖ 13. (ਪੈਰ੍ਹਾ 13.35) ਮਿਤੀ 09.06.2023 ਵਿੱਚ ਲਏ ਫ਼ੈਸਲੇ ਵਿੱਚ ਮੁੜ ਸੋਧ ਕਰਦੇ ਹੋਏ, ਵਾਈਸ-ਚਾਂਸਲਰ ਸਾਹਿਬ ਵੱਲੋਂ ਮਿਤੀ 11.11.2022 ਨੂੰ ਹੋਈ ਕਮੇਟੀ ਦੀ ਇਕੱਤਰਤਾ ਦੀ ਕਾਰਵਾਈ ਦੀਆਂ ਸਿਫ਼ਾਰਿਸ਼ਾਂ ਪ੍ਰਵਾਨ ਕਰਨ ਦੀ ਮਿਤੀ 19.11.2022 ਤੋਂ ਪਹਿਲਾਂ Maturity Date ਵਾਲੀਆਂ ਸਾਰੀਆਂ FDRs ਦੇ Maturity Date ਦੇ ਸਮੇਂ ਗ਼ੈਰ-ਸਰਕਾਰੀ ਕਾਲਜਾਂ ਵੱਲੋਂ ਇੰਡੋਮੈਂਟ ਫ਼ੰਡਾਂ ਵੱਜੋਂ ਐਫ਼.ਡੀ.ਆਰ. ਦੇ 3% ਹੀ ਲਿਆ ਜਾਵੇਗਾ ਅਤੇ ਵਾਈਸ-ਚਾਂਸਲਰ ਸਾਹਿਬ ਦੀ ਪ੍ਰਵਾਨਗੀ ਦੀ ਮਿਤੀ 19.11.2022 ਤੋਂ ਬਾਅਦ ਦੀ Maturity Date ਵਾਲੀਆਂ ਸਾਰੀਆਂ FDRs ਤੇ ਇੰਡੋਮੈਂਟ ਫ਼ੰਡਾਂ ਵੱਜੋਂ ਐਫ਼.ਡੀ.ਆਰ. ਉਪਰ ਦਿੱਤੇ ਜਾਂਦੇ ਸੂਦ ਦਾ 50% ਬਤੌਰ ਸਰਵਿਸ ਚਾਰਜਿਜ਼ ਯੂਨੀਵਰਸਿਟੀ ਨੂੰ ਦਿੱਤਾ ਜਾਵੇਗਾ।

**ਡੀਨ, ਕਾਲਜ ਵਿਕਾਸ ਕੌਂਸਲ**